ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ,ਪੰਜਾਬ,
ਐਸ. ਸੀ. ਓ ਨੰ. 104 –106, ਸੈਕਟਰ 34 ਏ, ਚੰਡੀਗੜ੍ਹ

ਸੇਵਾ ਵਿਖੇ

ਰਾਜ ਦੇ ਸਮੂਹ ਵਧੀਕ ਡਿਪਟੀ ਕਮਿਸ਼ਨਰ (ਵਿਕਾਸ)

ਮੀਮੋ ਨੰ ਸਸਅ/ਐਸਓ/09/60210-14
ਮਿਤੀ ਚੰਡੀਗੜ੍ਹ 19 ਅਗਸਤ, 2009

ਵਿਸ਼ਾ ਪ੍ਰਾਇਮਰੀ ਸਕੂਲਾਂ ਨੂੰ ਅਪਗ੍ਰੇਡ ਕਰਨ ਬਾਰੇ ।

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ।

2.0 ਆਪ ਜੀ ਨੂੰ ਪਤਾ ਹੈ ਕਿ ਭਾਰਤ ਸਰਕਾਰ ਅਤੇ ਰਾਜ ਸਰਕਾਰ ਦੀ ਪਾਲਿਸੀ ਅਨੁਸਾਰ ਪੰਜਾਬ ਰਾਜ ਦੇ ਐਲੀਮੈਂਟਰੀ ਸਕੂਲਾਂ ਨੂੰ ਹੋਰ ਵਧਾਵਾਂ ਦੇਣ ਲਈ ਕਈ ਪਿੰਡਾਂ ਵਿੱਚ ਪ੍ਰਾਇਮਰੀ ਸਕੂਲਾਂ ਨੂੰ ਅੱਪਰ ਪ੍ਰਾਇਮਰੀ ਸਕੂਲ ਦੇ ਤੌਰ ਤੇ ਅਪਗ੍ਰੇਡ ਕੀਤਾ ਗਿਆ ਹੈ । ਇਨ੍ਹਾਂ ਸਕੂਲਾਂ ਦੀ ਇਮਾਰਤਾਂ ਦੇ ਲਈ ਫੰਡਜ ਅਤੇ ਅਧਿਆਪਕਾਂ ਦੀ ਤੰਨਖਾਹ ਦਾ ਖਰਚਾ ਐਸ.ਐਸ.ਏ. ਪ੍ਰੋਗਰਾਮ ਤਹਿਤ ਭਾਰਤ ਸਰਕਾਰ ਵੱਲੋ ਮੰਨਜੂਰ ਕਰਵਾਇਆ ਗਿਆ ਹੈ । ਆਪ ਜੀ ਦੇ ਜਿਲ੍ਹੇ ਦੇ ਅਪਗ੍ਰੇਡ ਹੋਣ ਵਾਲੇ ਸਕੂਲਾਂ ਦੀ ਸੂਚੀ ਇਸ ਪੱਤਰ ਨਾਲ ਭੇਜੀ ਜਾ ਰਹੀਂ ਹੈ ।

3.0 ਇਹ ਆਮ ਵੇਖਣ ਵਿੱਚ ਆਇਆ ਹੈ ਕਿ ਇਨ੍ਹਾਂ ਪ੍ਰਾਇਮਰੀ ਸਕੂਲਾਂ ਨੂੰ ਮਿਡਲ ਸਕੂਲ ਬਨਾਉਣ ਲਈ ਪੰਚਾਇਤੀ ਰਾਜ ਸੰਸਥਾਵਾਂ ਵੱਲੋਂ ਇਸ ਗੱਲ ਨੂੰ ਮੁੱਖ ਰੱਖ ਕੇ ਇਤਰਾਜ ਕੀਤਾ ਜਾ ਰਿਹਾ ਹੈ ਕਿ ਸ਼ਾਇਦ ਇਨ੍ਹਾਂ ਪ੍ਰਾਇਮਰੀ ਸਕੂਲਾਂ ਦਾ ਪ੍ਰਬੰਧਕੀ ਕੰਟਰੋਲ ਵੀ ਸਿੱਖਿਆ ਵਿਭਾਗ ਪਾਸ ਚਲਾ ਜਾਵੇਗਾ । ਇਹ ਸਪਸਟ ਕੀਤਾ ਜਾਂਦਾ ਹੈ ਕਿ ਜਿੱਥੇ ਤੀਕ ਐਸ.ਐਸ.ਏ. ਪ੍ਰੋਗਰਾਮ ਦਾ ਤਾਅਲੁਕ ਹੈ, ਸਿੱਖਿਆ ਵਿਭਾਗ ਅਤੇ ਪੰਚਾਇਤੀ ਰਾਜ ਦੇ ਸਕੂਲਾਂ ਵਿੱਚ ਕੋਈ ਫਰਕ ਨਹੀਂ ਹੈ । ਪ੍ਰਾਇਮਰੀ ਸਕੂਲਾਂ ਦਾ ਪ੍ਰਬੰਧਕੀ ਕੰਟਰੋਲ ਪਹਿਲਾਂ ਵਾਂਗ ਪੰਚਾਇਤੀ ਰਾਜ

ਸੰਸਥਾਵਾਂ ਕੋਲ ਰਹੇਗਾ ਜਦੋ ਕਿ ਮਿਡਲ ਸਕੂਲਾਂ ਨੂੰ ਚਲਾਉਣ ਲਈ ਫੰਡਜ ਐਸ.ਐਸ.ਏ. ਪ੍ਰੋਗਰਾਮ ਤਹਿਤ ਮੁਹੱਈਆ ਕਰਵਾਏ ਜਾਣਗੇ ।

4.0 ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਸਰਕਾਰ ਵੱਲੋ ਕੀਤੇ ਗਏ ਫੈਸਲੇ ਨੂੰ ਧਿਆਨ ਵਿੱਚ ਰੱਖਦੇ ਹੋਇਆ ਇਨ੍ਹਾਂ ਪ੍ਰਾਇਮਰੀ ਸਕੂਲਾਂ ਨੂੰ ਹੀ ਮਿਡਲ ਸਕੂਲ ਅਪਗ੍ਰੇਡ ਕਰਨ ਲਈ ਲੋੜੀਂਦੇ ਉਪਰਾਲੇ ਕੀਤਾ ਜਾਣ । ਇਨ੍ਹਾਂ ਸਕੂਲਾਂ ਦੀ ਇਮਾਰਤਾਂ ਲਈ ਫੰਡਜ ਜਿਲ੍ਹਾ ਸਿੱਖਿਆ ਅਫਸਰ (ਐ ਸਿ) ਨੂੰ ਮੁਹੱਈਆ ਕਰਵਾ ਦਿੱਤੇ ਗਏ ਹਨ ਅਤੇ ਹਰ ਮਿਡਲ ਸਕੂਲ ਲਈ ਤਿੰਨ ਤਿੰਨ ਅਧਿਆਪਕ ਮੁੱਖ ਦਫਤਰ ਵੱਲੋਂ ਨਿਯੁਕਤ ਕਰਕੇ ਪਹਿਲਾਂ ਹੀ ਸਬੰਧਤ ਉਮੀਦਵਾਰਾਂ ਨੂੰ ਆਪਣੀ ਡਿਊਟੀ ਜੁਆਇਨ ਕਰਨ ਲਈ ਲਿਖਿਆ ਜਾ ਚੁੱਕਿਆ ਹੈ ।

5.0 ਇਨ੍ਹਾਂ ਹਦਾਇਤਾਂ ਦੀ ਪਾਲਨਾ ਯਕੀਨੀ ਬਣਾਈ ਜਾਵੇ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

ਉਤਾਰਾ :-

1. ਵਿੱਤੀ ਕਮਿਸ਼ਨਰ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ, ਚੰਡੀਗੜ੍ਹ
2. ਡਾਇਰੈਕਟਰ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ, ਚੰਡੀਗੜ੍ਹ
3. ਰਾਜ ਦੇ ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ ਸਿ)
4. ਰਾਜ ਦੇ ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ ਸਿ)

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ,ਪੰਜਾਬ,
ਐਸ. ਸੀ. ਓ ਨੰ. 104 –106, ਸੈਕਟਰ 34 ਏ, ਚੰਡੀਗੜ੍ਹ

ਸੇਵਾ ਵਿਖੇ

ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ ਸਿ)

ਮੀਮੋ ਨੰ ਐਸ ਓ /09/60241–80
ਮਿਤੀ ਚੰਡੀਗੜ੍ਹ 19 ਅਗਸਤ, 2009

**ਵਿਸ਼ਾ** **ਅਪਗ੍ਰੇਡ ਕੀਤੇ ਸਕੂਲਾਂ ਵਿੱਚ ਤੈਨਾਤ ਕੀਤੇ ਅਧਿਆਪਕਾਂ ਨੂੰ ਹਾਜ਼ਰ ਕਰਵਾਉਣ ਬਾਰੇ ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ ।

2.0 ਆਪ ਜੀ ਨੂੰ ਪਤਾ ਹੈ ਕਿ ਪਿਛਲੇ ਸਮੇ ਐਸ.ਐਸ.ਏ.ਤ ਪ੍ਰੋਗਰਾਮ ਤਹਿਤ ਪੰਜਾਬ ਰਾਜ ਦੇ 590 ਪ੍ਰਾਇਮਰੀ ਸਕੂਲਾਂ ਨੂੰ ਅਪਗ੍ਰੇਡ ਕਰਦੇ ਹੋਇਆ ਅਪੱਰ ਪ੍ਰਾਇਮਰੀ ਸਕੂਲ (ਮਿਡਲ ਸਕੂਲ) ਲਈ ਅਪਗ੍ਰੇਡ ਕੀਤਾ ਗਿਆ ਹੈ । ਇਨ੍ਹਾਂ ਸਕੂਲਾਂ ਲਈ ਐਸ.ਐਸ.ਏ. ਪ੍ਰੋਗਰਾਮ ਤਹਿਤ ਲੋੜੀਂਦੀਆਂ ਇਮਾਰਤਾਂ ਵੀ ਬਣਾਈਆ ਜਾਣਗੀਆ ਅਤੇ ਹਰੇਕ ਸਕੂਲ ਲਈ ਸਰਕਾਰ ਦੁਆਰਾ ਤਿੰਨ ਤਿੰਨ ਅਧਿਆਪਕ (ਇੱਕ ਹਿਸਾਬ, ਇੱਕ ਸਾਇੰਸ ਅਤੇ ਇੱਕ ਐਸ.ਐਸ.ਅਧਿਆਪਕ) ਵੀ ਮੁਹੱਈਆ ਕਰਵਾਇਆ ਗਿਆ ਹੈ । ਐਸ.ਐਸ.ਏ. ਪੰਜਾਬ ਵੱਲੋ ਇਨ੍ਹਾਂ ਅਧਿਆਪਕਾਂ ਦੀ ਚੋਂਣ ਕਰ ਲਈ ਗਈ ਹੈ ਅਤੇ ਨਿਯੁਕਤੀ ਪੱਤਰ ਜਾਰੀ ਕੀਤੇ ਜਾ ਰਹੇ ਹਨ। ਪਰੰਤੂ ਇਹ ਆਮ ਵੇਖਣ ਵਿੱਚ ਆਇਆ ਹੈ ਕਿ ਜਦ ਇਹ ਅਧਿਆਪਕ ਜੁਆਇਨ ਕਰਨ ਲਈ ਜਾਂਦੇ ਹਨ ਤਾਂ ਸਬੰਧਤ ਜਿਲ੍ਹਾ ਸਿੱਖਿਆ ਅਫਸਰ ਵੱਲੋ ਕੋਈ ਨਾ ਕੋਈ ਕਾਰਨ ਦੱਸਦੇ ਹੋਇਆ ਅਧਿਆਪਕਾਂ ਨੂੰ ਜੁਆਇਨ ਨਹੀਂ ਕਰਵਾਇਆ ਜਾਂਦਾ ਜਿਸ ਕਰਕੇ ਅਧਿਆਪਕ ਦਫਤਰਾਂ ਦੇ ਚੱਕਰ ਮਾਰਦੇ ਰਹਿੰਦੇ ਹਨ ਜਾਂ ਖਾਲੀ ਬੈਠੇ ਰਹਿੰਦੇ ਹਨ ।

3.0 ਇਸ ਪੂਰੇ ਮੁੱਦੇ ਨੂੰ ਬੜੀ ਡੂੰਘਾਈ ਵਿੱਚ ਵਿਚਾਰਿਆ ਗਿਆ ਹੈ ਅਤੇ ਆਪ ਜੀ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਮੁੱਖ ਦਫਤਰ ਵੱਲੋਂ ਜਾਰੀ ਕੀਤੇ ਹੁਕਮਾਂ ਦੀ ਤੁਰੰਤ ਪਾਲਣਾ ਕੀਤੀ ਜਾਣੀ ਯਕੀਨੀ ਬਣਾਈ ਜਾਵੇ, ਯਾਣੀ ਕਿ ਇਨ੍ਹਾਂ ਅਧਿਆਪਕਾਂ ਨੂੰ ਲੋੜੀਂਦੇ ਸਕੂਲਾਂ ਵਿੱਚ ਜੁਆਇਨ ਕਰਵਾਉਨ ਉਪਰੰਤ ਨਵੀਂਆਂ ਕਲਾਸਾਂ ਦੇ ਦਾਖਲੇ ਕੀਤੇ ਜਾਣ ਅਤੇ ਬੱਚਿਆਂ ਦੀ ਪੜ੍ਹਾਈ ਸ਼ੁਰੂ ਕੀਤੀ ਜਾਵੇ । ਇਸ ਦੇ ਨਾਲ ਹੀ ਆਪਣੇ ਜਿਲ੍ਹੇ ਦੇ ਸਾਇੰਸ ਸੁਪਰਵਾਇਜਰ ਅਤੇ ਹੋਰ ਅਧਿਕਾਰੀਆਂ ਵੱਲੋ ਇਨ੍ਹਾਂ ਸਕੂਲਾਂ ਦੇ ਵਿਸ਼ੇਸ਼ ਨਿਰੀਖਣ ਕਰਵਾਏ ਜਾਣ । ਜਿੱਥੇ ਕਿਧਰੇ ਇਮਾਰਤਾ ਬਨਾਉਣ ਵਿੱਚ ਸਮਾਂ ਲੱਗਣ ਦੀ ਸ਼ੰਕਾ ਹੈ, ਉੱਥੇ ਕੋਈ ਹੋਰ ਢੁਕਵਾ ਪ੍ਰਬੰਧ ਕੀਤਾ ਜਾਵੇ ਅਤੇ ਅਗਲੇ ਤਿੰਨ ਮਹੀਨਿਆਂ ਵਿੱਚ ਇਮਾਰਤਾਂ ਬਨਾਉਣ ਦੇ ਉਪਰਾਲੇ ਕੀਤੇ ਜਾਣ । ਇਮਾਰਤਾਂ ਲਈ ਲੋੜੀਂਦੇ ਫੰਡਜ ਆਪ ਜੀ ਦੇ ਜਿਲ੍ਹੇ ਦੇ ਜਿਲ੍ਹਾ ਸਿੱਖਿਆ ਅਫਸਰ (ਐ ਸਿ) ਨੂੰ ਮੁਹੱਈਆ ਕਰਵਾਏ ਜਾ ਚੁੱਕੇ ਹਨ ।

4.0 ਇੱਥੇ ਇਹ ਵੀ ਸਪਸਟ ਕੀਤਾ ਜਾਂਦਾ ਹੈ ਕਿ ਐਸ.ਐਸ.ਏ. ਅਧੀਨ ਮਿਡਲ ਸਕੂਲਾਂ ਵਿੱਚ ਕੰਮ ਕਰਨ ਵਾਲੇ ਸਾਰੇ ਅਧਿਆਪਕਾਂ ਦਾ ਪ੍ਰਬੰਧਕੀ ਕੰਟ੍ਰੋਲ ਜਿਲ੍ਹਾ ਸਿੱਖਿਆ ਅਫਸਰ (ਸੈ ਸਿ) ਪਾਸ ਹੀ ਹੋਵੇਗਾ । ਜਿੱਥੇ ਤੀਕ ਤੰਨਖਾਹ ਦੇਣ ਦਾ ਸਵਾਲ ਹੈ, ਉਹ ਇਨ੍ਹਾਂ ਅਧਿਆਪਕਾਂ ਲਈ ਤੰਨਖਾਹ ਪਸਵਕ ਕਮੇਟੀਆਂ ਦੇ ਰਾਹੀਂ ਅਦਾ ਕਰਨ ਦੇ ਜਿੰਮੇਵਾਰ ਹੋਣਗੇ ।

5.0 ਇਹ ਵੀ ਸਪਸਟ ਕੀਤਾ ਜਾਂਦਾ ਹੈ ਕਿ ਕਈ ਸਕੂਲਾਂ ਵਿੱਚ ਇਹ ਅਧਿਆਪਕ ਪਹਿਲਾਂ ਲੱਗੇ ਹੋਏ ਸਨ ਅਤੇ ਨਵੇਂ ਸਕੂਲ ਖੁਲ੍ਹਣ ਉਪਰੰਤ ਉਹਨਾਂ ਦੀ ਨਵੀ ਥਾਵਾਂ ਤੇ ਬਦਲੀਆ ਮੁੱਖ ਦਫਤਰ ਵੱਲੋ ਕੀਤੀਆ ਗਈਆਂ ਹਨ । ਇਸ ਲਈ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਇਨ੍ਹਾਂ ਬਦਲੀਆਂ ਦੇ ਹੁਕਮਾਂ ਦੀ ਤੁਰੰਤ ਪਾਲਣਾ ਕੀਤੀ ਜਾਵੇ । ਮੁੱਖ ਦਫਤਰ ਵੱਲੋ ਇਹ ਵੀ ਯਕੀਨੀ ਬਣਾਇਆ ਜਾ ਰਿਹਾਂ ਹੈ ਕਿ ਉਨ੍ਹਾਂ ਅਧਿਆਪਕਾਂ ਦੀ ਥਾਂ ਦੂਜੇ ਅਧਿਆਪਕ ਤੁਰੰਤ ਨਿਯੁਕਤ ਕੀਤੇ ਜਾਣ । ਉਹਨਾਂ ਅਧਿਆਪਕਾਂ ਦੇ ਨਿਯੁਕਤੀ ਪੱਤਰ ਅਗਲੇ 7 ਦਿਨਾਂ ਵਿੱਚ ਸਭ ਥਾਵਾਂ ਤੇ ਪਹੁੰਚਾ ਦਿੱਤੇ ਜਾਣਗੇ ।

6.0 ਆਪ ਦੇ ਜਿਲ੍ਹੇ ਦੇ ਅਪਗ੍ਰੇਡ ਹੋਏ ਸਕੂਲਾਂ ਦੀ ਸੂਚੀ ਨਾਲ ਨੱਥੀ ਕੀਤੀ ਜਾਂਦੀ ਹੈ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

ਨੱਥੀ / ਉਪਰੋਕਤ ਅਨੁਸਾਰ

ਉਤਾਰਾ : ਰਾਜ ਦੇ ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ ਸਿ)